# ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 27.09.2017 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀ ਬਲਵੰਤ ਰਾਏ 'ਨਾਥ'
ਮੇਅਰ

ਸ਼੍ਰੀ ਸੰਯਮ ਅਗਰਵਾਲ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਤਰਸੇਮ ਚੰਦ ਗੋਇਲ
ਸੀਨੀਅਰ ਡਿਪਟੀ ਮੇਅਰ

ਸ਼੍ਰੀ ਹਰਮੰਦਰ ਸਿੰਘ, ਕੌਂਸਲਰ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀ ਨਿਰਮਲ ਸਿੰਘ ਸੰਧੂ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>44</td><td><u>ਏਜੰਡਾ ਨੰ: 1</u><br>ਮੀਟਿੰਗ ਮਿਤੀ 14.08.2017 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 14.08.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>45</td><td><u>ਏਜੰਡਾ ਨੰ: 2</u><br>ਰਿਪੋਰਟ ਰੋਡ ਗੈਂਗ ਸ਼ਾਖਾ ਕਿ ਟਾਟਾ ਏਸ ਆਨ ਰੈਂਟ ਫਾਰ ਮੋਬਾਇਲ ਵਰਕਸ਼ਾਪ ਫਾਰ ਜਨਰਲ ਰਿਪੇਅਰ ਇਨ ਦ ਸਿਟੀ ਦੇ ਮੁਬਲਿਗ 8.28 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 08.08.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ:-<br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr>
<tr><td>1.</td><td>ਆਰ.ਆਰ.ਐਂਟਰਪ੍ਰਾਇਜ਼ਜ਼</td><td>-16.00%</td><td>695520/-</td></tr>
<tr><td>2.</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>-28.56%</td><td>591523/-</td></tr>
<tr><td>3.</td><td>ਸ਼੍ਰੀ ਸੀਤਾ ਰਾਮ ਗੁਪਤਾ ਠੇਕੇਦਾਰ</td><td>-20.25%</td><td>660330/-</td></tr>
</table>
ਉਕਤ ਟੈਂਡਰਾਂ ਵਿੱਚੋਂ ਸ਼ਕਤੀ ਇੰਜੀਨੀਅਰਿੰਗ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 8.28 ਲੱਖ ਰੁਪਏ ਦੇ ਮੁਕਾਬਲੇ 591523/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਹ ਰੇਟ ਤਖਮੀਨੇ ਤੋਂ ਘੱਟ ਅਤੇ ਵਾਜ਼ਿਬ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>3</td><td>46</td><td><u>ਏਜੰਡਾ ਨੰ: 3</u><br>ਰਿਪੋਰਟ ਸਟੋਰ ਕੀਪਰ ਕਿ ਸਿਹਤ ਸ਼ਾਖਾ ਵੱਲੋਂ ਸ਼ਹਿਰ ਦੀ ਸਫਾਈ ਦੇ ਕੰਮ ਲਈ ਇਨਡੈਂਟਾਂ ਰਾਹੀਂ ਕਲੀ ਚੂਨਾ ਪਾਊਡਰ ਜਾਰੀ ਕਰਵਾਇਆ ਜਾਂਦਾ ਹੈ। ਇਸ ਕਲੀ ਚੂਨੇ ਦੀ ਖਰੀਦ ਸਬੰਧੀ ਖਰਚਾ ਮੰਨਜ਼ੂਰੀ ਉਪਰੰਤ ਮਿਤੀ 11.07.2017 ਨੂੰ ਤਖਮੀਨਾ ਮੁਬਲਿਗ 1.96 ਲੱਖ ਰੁਪਏ ਦੇ ਟੈਂਡਰ ਕਾਲ ਕੀਤੇ ਗਏ ਸਨ। ਇੰਨ੍ਹਾਂ ਟੈਂਡਰਾਂ ਵਿੱਚ ਇੱਕ ਟੈਂਡਰ ਰੇਟ ਪ੍ਰਾਪਤ ਹੋਣ ਕਾਰਨ ਟੈਂਡਰ ਕੈਂਸਲ ਕਰ ਦਿੱਤਾ ਗਿਆ ਸੀ। ਮਿਤੀ 11.08.2017 ਨੂੰ ਦੁਬਾਰਾ ਟੈਂਡਰ ਕਾਲ ਕੀਤੇ ਗਏ। ਇੰਨ੍ਹਾਂ ਟੈਂਡਰਾਂ ਵਿੱਚ ਨਿਮਨ ਮੁਤਾਬਿਕ ਤਿੰਨ ਫਰਮਾਂ ਦੇ ਟੈਂਡਰ ਰੇਟ ਪ੍ਰਾਪਤ ਹੋਏ ਹਨ:-<br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr>
<tr><td>1.</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>260/- ਰੁਪਏ ਪ੍ਰਤੀ ਕਵਿੰਟਲ</td><td>208000/-</td></tr>
<tr><td>2.</td><td>ਬਾਂਸਲ ਸਟੇਸ਼ਨਰੀ ਸਟੋਰ</td><td>3.75 ਰੁਪਏ ਪ੍ਰਤੀ ਕਿਲੋ/<br>375/- ਰੁਪਏ ਪ੍ਰਤੀ ਕਵਿੰਟਲ</td><td>300000/-</td></tr>
<tr><td>3.</td><td>ਦਵਿੰਦਰ ਕੁਮਾਰ ਠੇਕੇਦਾਰ</td><td>2.40 ਰੁਪਏ ਪ੍ਰਤੀ ਕਿਲੋ/<br>240/- ਰੁਪਏ ਪ੍ਰਤੀ ਕਵਿੰਟਲ</td><td>192000/-</td></tr>
</table></td><td></td></tr>
</table>

<table>
<tr><td></td><td></td><td>ਉਕਤ ਮੁਤਾਬਿਕ ਪ੍ਰਾਪਤ ਤਿੰਨ ਫਰਮਾਂ ਦੇ ਟੈਂਡਰ ਰੇਟਾਂ ਵਿੱਚੋਂ ਸੱਭ ਤੋਂ ਘੱਟ ਰੇਟ ਦਵਿੰਦਰ ਕੁਮਾਰ ਠੇਕੇਦਾਰ ਦਾ 196000/- ਰੁਪਏ ਦੇ ਵਿਰੁੱਧ 192000/- ਰੁਪਏ ਪ੍ਰਾਪਤ ਹੋਇਆ ਹੈ। ਪ੍ਰਾਪਤ ਘੱਟ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>4</td><td>47</td><td><u>ਏਜੰਡਾ ਨੰ: 4</u><br><br>ਰਿਪੋਰਟ ਵਰਕਸ ਸ਼ਾਖਾ ਸਪਲਾਈ ਆਫ ਫਸਟ ਕਲਾਸ ਬਰਿਕਸ ਫਾਰ ਐਮ.ਸੀ. ਸਟੋਰ ਦੇ ਮੁਬਲਿਗ 2.93 ਲੱਖ ਰੁਪਏ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 08.08.2017 ਨੂੰ ਮੰਗੇ ਗਏ ਸਨ। ਇਸ ਕੰਮ ਸਬੰਧੀ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ, ਜਿੰਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br><table><tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr><tr><td>1.</td><td>ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ</td><td>-16.25%</td><td>245387/-</td></tr><tr><td>2.</td><td>ਸ਼ਕਤੀ ਇੰਜ: ਕੰਪਨੀ</td><td>-16.25%</td><td>245387/-</td></tr><tr><td>3.</td><td>ਸ਼੍ਰੀ ਸੀਤਾ ਰਾਮ ਗੁਪਤਾ ਠੇਕੇਦਾਰ</td><td>-5.25%</td><td>277617/-</td></tr></table><br>ਉਕਤ ਤੁਲਨਾਤਮਕ ਸੂਚੀ ਅਨੁਸਾਰ ਲੜੀ ਨੰ: 1 ਅਤੇ 2 ਦੇ ਰੇਟ ਬਰਾਬਰ ਹਨ। ਇਸ ਲਈ ਦੋਨੋਂ ਫਰਮਾਂ ਨੂੰ ਆਪਣੇ-ਆਪਣੇ ਰੇਟ ਦੁਬਾਰਾ ਸੀਲਬੰਦ ਲਿਫਾਫਿਆਂ ਵਿੱਚ ਮੰਗੇ ਗਏ, ਜਿਸ ਵਿੱਚ ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ ਵੱਲੋਂ 16.26% ਲੈਸ ਅਤੇ ਸ਼ਕਤੀ ਇੰਜੀਨਅਰਿੰਗ ਕੰਪਨੀ ਦੇ 16.25% ਓਵਰਆਲ ਲੈਸ ਪ੍ਰਾਪਤ ਹੋਏ ਹਨ। ਸੋ ਸ਼ਕਤੀ ਇੰਜੀਨੀਅਰਿੰਗ ਕੰਪਨੀ ਦੇ ਰੇਟ ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ ਤੋਂ ਘੱਟ ਲੈਸ ਪ੍ਰਾਪਤ ਹੋਏ ਹਨ ਅਤੇ ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ ਦੇ ਰੇਟ 16.26% ਵੱਧ ਲੈਸ ਹਨ। ਸੋ, ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ ਦੇ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>5</td><td>48</td><td><u>ਏਜੰਡਾ ਨੰ: 5</u><br>ਰਿਪੋਰਟ ਰੈਂਟ ਸ਼ਾਖਾ ਕਿ ਠੇਕਾ ਪਾਰਕਿੰਗ ਸਟੈਂਡ ਵਾਕਿਆ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਦੀ ਇੱਕ ਸਾਲ ਲਈ ਠੇਕੇ ਤੇ ਦੇਣ ਲਈ ਮਿਤੀ 20.09.2017 ਨੂੰ ਬੋਲੀ ਕਰਵਾਈ ਗਈ। ਇਸ ਬੋਲੀ ਵਿੱਚ ਤਿੰਨ ਬੋਲੀਕਾਰ ਹਾਜ਼ਰ ਆਏ। ਸੱਭ ਤੋਂ ਵੱਧ ਬੋਲੀ ਸ਼੍ਰੀ ਵਿਜੈ ਕੁਮਾਰ ਪੁੱਤਰ ਸ਼੍ਰੀ ਮੁਨੀ ਲਾਲ ਨੇ 316000/- ਰੁਪਏ ਦਿੱਤੀ। ਇਸ ਤੋਂ ਵੱਧ ਕਿਸੇ ਬੋਲੀਕਾਰ ਨੇ ਬੋਲੀ ਨਹੀਂ ਦਿੱਤੀ। ਬੋਲੀ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>6</td><td>49</td><td><u>ਏਜੰਡਾ ਨੰ: 6</u><br>ਰਿਪੋਰਟ ਵਰਕਸ ਸ਼ਾਖਾ ਕਿ ਡਿਵੈਲਪਮੈਂਟ ਆਫ ਪਾਰਕਿੰਗ ਆਨ ਗੋਨਿਆਨਾ ਰੋਡ ਆਪੋਜ਼ਿਟ ਵਾਸਨ ਆਈ ਕੇਅਰ ਟੂ ਅਗਰਵਾਲ ਗਲਾਸ ਹਾਊਸ ਦੇ ਕੰਮ ਦੇ ਟੈਂਡਰ ਨਿਗਮ ਵੱਲੋਂ ਮਿਤੀ 29.04.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਪ੍ਰਾਪਤ ਰੇਟਾਂ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੀ ਮੀਟਿੰਗ ਵਿੱਚ ਭੇਜਿਆ ਗਿਆ ਸੀ। ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 20 ਮਿਤੀ 12.07.2016 ਰਾਹਾਂ ਇਹ ਕੰਮ ਪੈਂਡਿੰਗ ਰੱਖਿਆ ਗਿਆ ਸੀ। ਹੁਣ ਦੀ ਦੇਸ਼ ਸੇਵਕ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਵੱਲੋਂ ਦਰਖਾਸਤ ਰਸੀਦ ਨੰ: 605/ਵ ਮਿਤੀ 21.08.2017 ਰਾਹੀਂ</td><td></td></tr>
</table>

| | | | |
|---|---|---|---|
| | | ਬੇਨਤੀ ਕੀਤੀ ਹੈ ਕਿ "Time period for allot the work was passed and rates of material was gone up. So the work wil not be executed on quoted rates. So please refund our earnest money of this work." ਇਸ ਸਬੰਧੀ ਦਫਤਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ''May be sent again to F&CC for giving final decision". ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **Earnest Money** ਵਾਪਸ ਕਰਨਾ ਪ੍ਰਵਾਨ ਹੈ। |

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।